# ਪੈਪਸੀਕੋ ਇੰਡੀਆ ਦੀ ਕਿਸਾਨਾਂ ਦੇ ਨਾਲ ਅਨੂਠੀ ਪਾਰਟਨਰਸ਼ਿਪ

ਚੰਡੀਗੜ੍ਹ, 26 ਅਪ੍ਰੈਲ (ਨਾਗਪਾਲ)-ਭਾਰਤੀ ਖੇਤੀ ਵਪਾਰ ਵਿੱਚ ਪੈਪਸੀਕੋ ਟ੍ਰੋਪੀਕਾਨਾ ਅਤੇ ਪੈਗਰੇਕਸਕੋ ਸਿਟਰਸ ਡਿਵੈਲਪਮੈਂਟ ਪ੍ਰੋਗਰਾਮ ਨੇ ਜਨਤਾ ਅਤੇ ਨਿੱਜੀ ਖੇਤਰ ਦੀਆਂ ਕੰਪਨੀਆਂ ਦੇ ਵਿੱਚ ਸਹਿਯੋਗ ਦਾ ਇੱਕ ਸਫਲ ਮਾਡਲ ਪੇਸ਼ ਕੀਤਾ ਹੈ। ਇਸ ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬ ਸਰਕਾਰ ਅਤੇ ਪੈਪਸੀਕ ਇੰਡੀਆ ਦੇ ਲਈ ਉਪਯੋਗੀ ਜ਼ਰੂਰਤਾਂ ਦੇ ਆਧਾਰ ਤੇ ਹੋਈ ਸੀ। ਪੈਪਸੀਕੋ ਦੀ ਕੋਸ਼ਿਸ਼ ਸੀ ਕਿ ਦੁਨੀਆਂ ਦੇ ਸਭ ਤੋਂ ਵੱਡੇ ਜੂਸ ਬ੍ਰਾਂਡ ਟ੍ਰੋਪੀਕਾਨਾ ਦੇ ਲਈ ਖੱਟੇ ਫਲਾਂ ਦੀ ਸਪਲਾਈ ਲੋਕਲ ਪੱਧਰ 'ਤੇ ਹੋ ਸਕੇ, ਇਸ ਦੇ ਲਈ ਖੱਟ ਫਲਾਂ ਦੀ ਖੇਤੀ ਪਰਿਯੋਜਨਾ 'ਤੇ ਵਿਚਾਰ ਸ਼ੁਰੂ ਹੋਇਆ। ਪੈਪਸੀਕੋ ਦੀ ਦਿਲਚਸਪੀ ਅਜਿਹੇ ਲੋਕਲ ਉਤਪਾਦਾਂ ਦੇ ਨਿਰਯਾਤ ਦੀਆਂ ਸੰਭਾਵਨਾਵਾਂ ਤਲਾਸ਼ਣ ਵਿੱਚ ਵੀ ਸੀ। ਪੀਪਸੀਕੋ ਨੇ ਸਾਲ 1989 ਵਿੱਚ ਪੰਜਾਬ ਸਰਕਾਰ ਦੇ ਨਾਲ ਰਾਜ ਵਿੱਚ ਕਾਂਟ੍ਰੈਕਟ ਫਾਰਮਿੰਗ ਦੀ ਸ਼ੁਰੂਆਤ ਕੀਤੀ, ਜਿਸ ਨੂੰ 2002 ਵਿੱਚ ਸ਼ੁਰੂ ਹੋਈ ਇਸ ਪਰਿਯੋਜਨਾ ਨੇ ਹੋਰ ਗਹਿਰਾ ਸਵਰੂਪ ਦਿੱਤਾ। ਇਸ ਪਰਿਯੋਜਨਾ ਦੇ ਮਾਧਿਅਮ ਨਾਲ ਪੈਪਸੀਕੋ ਨੂੰ ਹਜ਼ਾਰਾਂ ਕਿਸਾਨਾਂ ਦਾ ਜੀਵਨ ਪੱਧਰ ਸੁਧਾਰਣ ਵਿੱਚ ਵੀ ਅਸਾਨੀ ਹੋਈ।